15ਵੀਂ ਵਿਧਾਨ ਸਭਾ
ਤੇਰ੍ਹਵਾਂ ਸਮਾਗਮ

**ਪੰਜਾਬ ਵਿਧਾਨ ਸਭਾ ਸਕੱਤਰੇਤ**
**(ਵਾਚ ਐਂਡ ਵਾਰਡ ਅਫ਼ਸਰ ਸ਼ਾਖਾ)**
ਨੰ: 56 -ਵ.ਵ.ਅ. 2002/ 15095

**ਵੱਲੋਂ**

**ਸ਼੍ਰੀਮਤੀ ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ।**

ਵੱਲ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ।

ਮਿਤੀ ਚੰਡੀਗੜ੍ਹ-160001, 15 ਅਕਤੂਬਰ, 2020

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਨੂੰ ਮਿਤੀ 19 ਅਕਤੂਬਰ, 2020 ਨੂੰ ਸ਼ੁਰੂ ਹੋ ਰਹੇ 15ਵੀਂ ਵਿਧਾਨ ਸਭਾ ਦੇ ਤੇਰ੍ਹਵੇਂ ਸਮਾਗਮ ਦੇ ਸਬੰਧ ਵਿੱਚ ਇਹ ਸੂਚਨਾ ਦੇਣ ਦੀ ਹਦਾਇਤ ਹੋਈ ਹੈ ਕਿ ਸਮਾਗਮ ਦੌਰਾਨ ਕੋਵਿਡ-19 ਦੀ ਰੋਕਥਾਮ ਸਬੰਧੀ ਫੈਸਲਾ ਲਿਆ ਗਿਆ ਹੈ ਕਿ:-

1. ਸਮਾਗਮ ਦੌਰਾਨ ਵਿਧਾਨ ਸਭਾ ਦੀ ਇਮਾਰਤ ਅਤੇ ਸਦਨ ਵਿੱਚ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਲਈ ਮਾਸਕ ਪਹਿਨਣਾ ਅਤੇ ਨੱਕ-ਮੂੰਹ ਨੂੰ ਮੁਕੰਮਲ ਤੌਰ ਤੇ ਢੱਕ ਕੇ ਰੱਖਣਾ ਲਾਜ਼ਮੀ ਹੋਵੇਗਾ। ਆਪ ਵੱਲੋਂ ਆਪਣੇ ਹੱਥ ਸਮੇਂ ਸਮੇਂ ਤੇ ਸੈਨੇਟਾਈਜ਼ ਕੀਤੇ ਜਾਣ ਅਤੇ ਸਿਹਤ ਵਿਭਾਗ ਵੱਲੋਂ ਜਾਰੀ ਗਾਈਡ ਲਾਈਨਜ਼ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

2. ਸਮਾਗਮ ਦੌਰਾਨ ਵੱਖ-ਵੱਖ ਗੈਲਰੀਆਂ ਵਾਸਤੇ ਵਿਜ਼ਟਰ ਪਾਸਾਂ ਤੇ ਮੁਕੰਮਲ ਤੌਰ ਤੇ ਪਾਬੰਦੀ ਰਹੇਗੀ ਅਤੇ ਮਾਨਯੋਗ ਮੈਂਬਰ ਸਾਹਿਬਾਨ ਨਾਲ ਤਾਇਨਾਤ ਸਟਾਫ ਅਤੇ ਮਹਿਮਾਨਾਂ ਨੂੰ ਸਭਾ ਸਕੱਤਰੇਤ ਦੀ ਇਮਾਰਤ ਅੰਦਰ ਆਉਣ ਦੀ ਆਗਿਆ ਨਹੀਂ ਹੋਵੇਗੀ।

3. ਮਾਨਯੋਗ ਮੈਂਬਰਾਂ ਤੋਂ ਇਲਾਵਾ ਕਿਸੇ ਵੀ ਵਿਅਕਤੀ ਨੂੰ ਮੈਂਬਰ ਲੌਂਜ ਵਿੱਚ ਆਉਣ ਦੀ ਆਗਿਆ ਨਹੀਂ ਹੋਵੇਗੀ। ਵਾਚ ਐਂਡ ਵਾਰਡ ਸਟਾਫ ਨੂੰ ਮੈਂਬਰ ਲੌਂਜ਼ ਵਿੱਚ ਬਾਹਰੀ ਵਿਅਕਤੀਆਂ ਦੇ ਦਾਖਲੇ ਨੂੰ ਰੋਕਣ ਲਈ ਸਖਤ ਹਦਾਇਤਾਂ ਕੀਤੀਆਂ ਗਈਆਂ ਹਨ।

4. ਸਮਾਗਮ ਅਟੈਂਡ ਕਰਨ ਲਈ ਆਉਣ ਸਮੇਂ ਆਪ ਜੀ ਨੂੰ ਆਪਣੇ ਨਾਲ ਜਾਂ ਆਪਣੇ ਬਰੀਫ ਕੇਸ ਵਿੱਚ ਕੋਈ ਹਥਿਆਰ ਜਾਂ ਇਤਰਾਜਯੋਗ ਚੀਜ਼, ਸੋਟੀਆਂ, ਚਾਬੀਆਂ, ਝੰਡੀਆਂ ਜਾਂ ਵੱਡੇ ਬੈਨਰ ਵਿਧਾਨ ਸਭਾ ਇਮਾਰਤ ਅੰਦਰ ਲਿਆਉਣ ਦੀ ਆਗਿਆ ਨਹੀਂ ਹੋਵੇਗੀ।

ਇਸ ਲਈ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਉਪਰੋਕਤ ਸਬੰਧੀ ਪੂਰਾ-ਪੂਰਾ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨਾ ਜੀ।

ਵਿਸ਼ਵਾਸਪਾਤਰ,

ਅਧੀਨ ਸਕੱਤਰ
ਵਾਸਤੇ ਸਕੱਤਰ।